BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ 1 ਤੋਂ 7 ਨਵੰਬਰ ਤੱਕ ਕਾਰਬਨ ਮੋਨੋਆਕਸਾਈਡ ਜਾਗਰੂਕਤਾ ਹਫ਼ਤਾ ਮਨਾ ਰਹੀ ਹੈ

ਬ੍ਰੈਂਪਟਨ, ਓਨਟੈਰੀਓ (28 ਅਕਤੂਬਰ, 2022) – ਸਿਟੀ ਆਫ ਬ੍ਰੈਂਪਟਨ, 1 ਤੋਂ 7 ਨਵੰਬਰ ਤੱਕ, ਕਾਰਬਨ ਮੋਨੋਆਕਸਾਈਡ ਜਾਗਰੂਕਤਾ ਹਫ਼ਤਾ (Carbon Monoxide Awareness Week) ਮਨਾ ਰਹੀ ਹੈ। ਕਾਰਬਨ ਮੋਨੋਆਕਸਾਈਡ ਜਾਗਰੂਕਤਾ ਹਫ਼ਤਾ, ਕਮਿਊਨਿਟੀ ਨੂੰ ਗੰਧਹੀਣ, ਸੁਆਦਹੀਣ, ਨਾ ਦਿੱਸਣ ਵਾਲੀ ਗੈਸ, ਕਾਰਬਨ ਮੋਨੋਆਕਸਾਈਡ ਬਾਰੇ ਜਾਣਕਾਰੀ ਦੇਣ ਤੇ ਕੇਂਦਰਿਤ ਹੈ, ਇਸ ਗੈਸ ਵਿੱਚ ਵੱਡਾ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਹੈ। ਇਸ ਸਾਲ ਦਾ ਵਿਸ਼ਾ ਹੈ, "ਜਿਸਨੂੰ ਤੁਸੀਂ ਦੇਖ ਨਹੀਂ ਸਕਦੇ, ਸੁੰਘ ਨਹੀਂ ਸਕਦੇ ਅਤੇ ਨਾ ਹੀ ਸੁਆਦ ਲੈ ਸਕਦੇ ਹੋ, ਉਹ ਤੁਹਾਨੂੰ ਮਾਰ ਸਕਦਾ ਹੈ!" ਅਤੇ ਇਹ ਕਾਰਬਨ ਮੋਨੋਆਕਸਾਈਡ ਦੇ ਚਾਲੂ ਅਲਾਰਮਾਂ ਦੇ ਮਹੱਤਵ ਨੂੰ ਦੁਹਰਾਉਂਦਾ ਹੈ।

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services), ਨਿਵਾਸੀਆਂ ਨੂੰ ਯਾਦ ਕਰਾਉਂਦਾ ਹੈ ਕਿ ਕਾਰਬਨ ਮੋਨੋਆਕਸਾਈਡ ਦੇ ਚਾਲੂ ਅਲਾਰਮ ਤੁਹਾਡੀ ਜ਼ਿੰਦਗੀ ਬਚਾ ਸਕਦੇ ਹਨ। ਯਾਦ ਰੱਖਣ ਲਈ ਮਹੱਤਵਪੂਰਣ ਸੁਝਾਅ:

- ਘਰ ਦੇ ਸੌਣ ਵਾਲੇ ਸਾਰੇ ਹਿੱਸਿਆਂ ਦੇ ਨਾਲ ਕਾਰਬਨ ਮੋਨੋਆਕਸਾਈਡ ਦੇ ਚਾਲੂ ਅਲਾਰਮ ਇੰਸਟਾਲ ਕਰੋ।
- ਮਹੀਨੇ ਵਿੱਚ ਇੱਕ ਵਾਰ ਅਲਾਰਮਾਂ ਨੂੰ ਟੈਸਟ ਕਰੋ। ਅਜਿਹੇ ਅਲਾਰਮ ਵਰਤਣ ਬਾਰੇ ਸੋਚੋ, ਜਿਹਨਾਂ ਵਿੱਚ 10-ਸਾਲ ਚੱਲਣ ਵਾਲੀ ਲਿਥੀਅਮ ਬੈਟਰੀ ਹੋਵੇ, ਜੋ ਤੁਹਾਨੂੰ ਚਿੰਤਾਮੁਕਤ ਰੱਖੇ।
- ਆਪਣੇ ਘਰ ਤੋਂ ਬਚ ਕੇ ਨਿੱਕਲਣ ਦੀ ਯੋਜਨਾ ਬਣਾਓ ਅਤੇ ਸਾਲ ਵਿੱਚ ਦੋ ਵਾਰ ਇਸਦਾ ਅਭਿਆਸ ਕਰੋ।
- ਕਦੇ ਵੀ ਗੈਰਾਜ ਵਿੱਚ ਕਿਸੇ ਵੀ ਵਾਹਨ ਨੂੰ ਗਰਮ ਨਾ ਕਰੋ ਜਾਂ ਕਿਸੇ ਵਾਹਨ ਨੂੰ ਨਿਸ਼ਕਿਰਿਆ ਨਾ ਛੱਡੋ।
- ਕਦੇ ਵੀ ਘਰ ਜਾਂ ਗੈਰਾਜ ਦੇ ਅੰਦਰ ਤੰਦੂਰ ਜਾਂ ਪ੍ਰੋਪੇਨ ਕੁਕਰਾਂ ਦੇ ਨਾਲ ਭੋਜਨ ਨਾ ਪਕਾਓ।
- ਕਦੇ ਵੀ ਘਰ ਜਾਂ ਗੈਰਾਜ ਦੇ ਅੰਦਰ ਪ੍ਰੋਪੇਨ ਹੀਟਰ ਨਾ ਵਰਤੋ।

ਕਾਰਬਨ ਮੋਨੋਆਕਸਾਈਡ ਜਾਗਰੂਕਤਾ ਹਫ਼ਤੇ ਅਤੇ ਘਰ ਤੋਂ ਬਚ ਕੇ ਨਿੱਕਲਣ ਦੀ ਯੋਜਨਾ ਬਣਾਉਣ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ:

- ਕਾਰਬਨ ਮੋਨੋਆਕਸਾਈਡ ਜਾਗਰੂਕਤਾ ਹਫ਼ਤਾ (Carbon Monoxide Awareness Week)
- ਘਰ ਤੋਂ ਬਚ ਕੇ ਨਿੱਕਲਣ ਦੀ ਯੋਜਨਾ (Home Escape Plan)
- ਘਰ ਤੋਂ ਬਚ ਕੇ ਨਿੱਕਲਣ ਦੀ ਯੋਜਨਾ (ਕਈ ਭਾਸ਼ਾਵਾਂ ਵਿੱਚ) (Home Escape Plan (multi-language)

**ਹਵਾਲੇ**

"ਇਸ ਕਾਰਬਨ ਮੋਨੋਆਕਸਾਈਡ ਜਾਗਰੂਕਤਾ ਹਫ਼ਤੇ, ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਆਪਣੇ ਘਰ ਵਿੱਚ ਕਾਰਬਨ ਮੋਨੋਆਕਸਾਈਡ ਅਲਾਰਮ ਇੰਸਟਾਲ ਕਰੋ ਅਤੇ ਘਰ ਤੋਂ ਬਚ ਕੇ ਨਿੱਕਲਣ ਦੀ ਯੋਜਨਾ ਬਣਾਓ; ਇਹ ਮਹੱਤਵਪੂਰਣ ਕਾਰਵਾਈਆਂ, ਬ੍ਰੈਂਪਟਨ ਨੂੰ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਬਣਨ ਵਿੱਚ ਯੋਗਦਾਨ ਦਿੰਦੀਆਂ ਹਨ। ਕਾਰਬਨ ਮੋਨੋਆਕਸਾਈਡ ਸਾਈਲੈਂਟ ਕਿਲਰ (ਚੁੱਪ-ਚਪੀਤੀ ਕਾਤਲ) ਹੈ। ਲਗਾਤਾਰ ਜਾਣਕਾਰੀ ਅਤੇ ਸੁਰੱਖਿਆ ਅਤੇ ਬਚਾਅ ਦੇ ਪ੍ਰਤੀ ਜਾਗਰੂਕਤਾ, ਸਾਡੇ ਨਿਵਾਸੀਆਂ ਨੂੰ ਸੁਰੱਖਿਅਤ ਰੱਖਣ ਅਤੇ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਕਰ ਸਕਦੀ ਹੈ।"
*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸੁਰੱਖਿਆ ਤੁਹਾਡੇ ਤੋਂ ਸ਼ੁਰੂ ਹੁੰਦੀ ਹੈ! ਅਸੀਂ ਸਾਰੇ ਨਿਵਾਸੀਆਂ ਨੂੰ ਸਲਾਹ ਦਿੰਦੇ ਹਾਂ ਕਿ ਕਾਰਬਨ ਮੋਨੋਆਕਸਾਈਡ ਦੇ ਖਤਰਿਆਂ ਬਾਰੇ ਜਾਣੋ ਅਤੇ ਘਰ ਵਿੱਚ ਖੁਦ ਨੂੰ ਅਤੇ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਕਦਮ ਚੁੱਕੋ। ਆਪਣੀ ਘਰ ਤੋਂ ਬਚ ਕੇ ਨਿੱਕਲਣ ਦੀ ਯੋਜਨਾ ਬਣਾਓ ਅਤੇ ਯਕੀਨੀ ਬਣਾਓ ਕਿ ਕਾਰਬਨ ਮੋਨੋਆਕਸਾਈਡ ਅਲਾਰਮ ਇੰਸਟਾਲ ਕੀਤੇ ਹੋਏ ਹਨ ਅਤੇ ਨਿਯਮਿਤ ਰੂਪ ਨਾਲ ਟੈਸਟ ਕੀਤੇ ਜਾਂਦੇ ਹਨ।"
*- ਰੋਵੇਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਕਾਰਬਨ ਮੋਨੋਆਕਸਾਈਡ ਜਾਗਰੂਕਤਾ ਹਫ਼ਤਾ, ਸਾਡੀ ਕਮਿਉਨਿਟੀ ਲਈ ਇਸ ਗੈਸ ਦੇ ਖਤਰਿਆਂ ਬਾਰੇ ਅਤੇ ਇਸ ਬਾਰੇ ਮਹੱਤਵਪੂਰਣ ਜਾਣਕਾਰੀ ਮੌਕਾ ਪ੍ਰਦਾਨ ਕਰਦਾ ਹੈ ਕਿ ਤੁਹਾਡੇ ਘਰ ਵਿੱਚ ਕਾਰਬਨ ਮੋਨੋਆਕਸਾਈਡ ਦਾ ਜ਼ਹਿਰ ਫੈਲਣ ਤੋਂ ਕਿਵੇਂ ਰੋਕਣਾ ਹੈ। ਹਰੇਕ ਉਸ ਘਰ ਵਿੱਚ ਸੌਣ ਵਾਲੇ ਸਾਰੇ ਹਿੱਸਿਆਂ ਦੇ ਨਾਲ ਕਾਰਬਨ ਮੋਨੋਆਕਸਾਈਡ ਦਾ ਚਾਲੂ ਅਲਾਰਮ ਹੋਣਾ ਜ਼ਰੂਰੀ ਹੈ, ਜਿਸ ਵਿੱਚ ਬਾਲਨ ਨਾਲ ਜਲਣ ਵਾਲੇ ਉਪਕਰਨ ਅਤੇ/ਜਾਂ ਅਟੈਚਡ ਗੈਰਾਜ ਹੈ। ਕਿਰਪਾ ਕਰਕੇ ਮਹੀਨੇ ਵਿੱਚ ਇੱਕ ਵਾਰ ਕਾਰਬਨ ਮੋਨੋਆਕਸਾਈਡ ਦੇ ਅਲਾਰਮਾਂ ਨੂੰ ਟੈਸਟ ਕਰੋ ਅਤੇ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਬੈਟਰੀਆਂ ਬਦਲੋ। ਇਸਤੋਂ ਇਲਾਵਾ, ਪਰਿਵਾਰਾਂ ਕੋਲ ਘਰ ਤੋਂ ਬਚ ਕੇ ਨਿੱਕਲਣ ਦੀ ਯੋਜਨਾ ਹੋਣੀ ਚਾਹੀਦੀ ਹੈ ਅਤੇ ਸਾਲ ਵਿੱਚ ਦੋ ਵਾਰ ਇਸਦਾ ਅਭਿਆਸ ਕਰਨਾ ਚਾਹੀਦਾ ਹੈ।"
*- ਬਿਲ ਬੋਏਸ (Bill Boyes), ਫਾਇਰ ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca